# ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ।

(ਵਿਕਾਸ ਸ਼ਾਖਾ)

ਸੇਵਾ ਵਿਖੇ

ਸਮੂਹ ਡਿਪਟੀ ਡਾਇਰੈਕਟਰ,ਪਸ਼ੂ ਪਾਲਣ,
ਜਿਲ੍ਹਾ ਪੱਧਰ, ਪੰਜਾਬ

ਮੀਮੋ ਨੰ:4/3/19-ਡੀ.1/546 ਐਸ.ਏ.ਐਸ. ਨਗਰ,ਮਿਤੀ: 1.5.2020

ਵਿਸ਼ਾ: ਪੰਜਾਬ ਰਾਜ ਦੇ ਪਸ਼ੂਆਂ ਵਿੱਚ ਗਲਘੋਟੂ ਦੀ ਬਿਮਾਰੀ ਦੀ ਰੋਕਥਾਮ ਲਈ ਕੀਤੀ ਜਾਣ ਵਾਲੀ ਵੈਕਸੀਨੇਸ਼ਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪਨੂੰ ਸੰਯੁਕਤ ਸਕੱਤਰ, ਭਾਰਤ ਸਰਕਾਰ, ਮਨਿਸਟਰੀ ਆਫ ਫਿਸ਼ਰੀਜ਼, ਐਨੀਮਲ ਹਸਬੈਂਡਰੀ ਐਂਡ ਡੇਅਰਿੰਗ, ਡਿਪਾਰਟਮੈਂਟ ਆਫ ਐਨੀਮਲ ਹਸਬੈਂਡਰੀ ਐਂਡ ਡੇਅਰਿੰਗ, ਨਵੀਂ ਦਿੱਲੀ ਵੱਲੋਂ ਆਪਣੇ ਦਫਤਰ ਦੇ ਅਰਧ ਸਰਕਾਰੀ ਪੱਤਰ ਨੰ: K-11053/41/2020-LH ਮਿਤੀ 29.4.2020 ਦੀ ਕਾਪੀ ਭੇਜਦੇ ਹੋਏ ਪੰਜਾਬ ਰਾਜ ਵਿੱਚ ਐਚ.ਐਸ. ਵੈਕਸੀਨ ਕਰਨ ਲਈ ਹੇਠ ਅਨੁਸਾਰ ਲਿਖਿਆ ਜਾਂਦਾ ਹੈ:-

1) ਮੌਜੂਦਾ ਸਮੇਂ ਕੋਵਿਡ-19 ਮਹਾਂਮਾਰੀ ਦੇ ਸਨਮੁਖ ਪੰਜਾਬ ਰਾਜ ਦੇ ਸਮੂਹ ਪਸ਼ੂਧਨ ਵਿੱਚ ਐਚ.ਐਸ.ਵੈਕਸੀਨੇਸ਼ਨ ਦੇ ਦੌਰਾਨ ਸਮਾਜਿਕ ਦੂਰੀ ਬਣਾਈ ਰੱਖਣਾ, ਮਾਸਕ ਅਤੇ ਦਸਤਾਨੇ ਪਹਿਨਣਾ, ਹਾਰਡ ਸਰਫੇਸ ਡਿਸਇਨਫੈਕਟੈਂਟ ਅਤੇ ਹੈਂਡਸੈਨੀਟਾਈਜ਼ਰ ਦੀ ਵਰਤੋਂ ਕੀਤੀ ਜਾਵੇ।
2) ਪਹਿਲੇ ਪੜਾਅ ਵਿੱਚ ਵੈਕਸੀਨ ਗਰੀਨ,ਪਿੰਕ, ਆਰੇਂਜ ਅਤੇ ਰੈੱਡ ਜ਼ੋਨ ਦੇ ਨਾਨ ਕੰਨਟੇਨਮੈਂਟ ਏਰੀਆ ਵਿੱਚ ਕੀਤੀ ਜਾਵੇ ਅਤੇ ਰੈੱਡ ਜ਼ੋਨ ਦੇ ਕੰਨਟੇਨਮੈਂਟ ਜ਼ੋਨ ਵਿੱਚ ਉਸ ਸਮੇਂ ਤੱਕ ਨਾ ਕੀਤੀ ਜਾਵੇ ਜਦੋਂ ਤੱਕ ਉਹ ਜ਼ੋਨ ਸੁਰੱਖਿਅਤ ਜ਼ੋਨ ਘੋਸ਼ਿਤ ਨਹੀਂ ਹੋ ਜਾਂਦਾ।
3) ਗਲਘੋਟੂ ਦੀ ਬਿਮਾਰੀ ਇੱਕ ਬਹੁਤ ਹੀ ਖਤਰਨਾਕ ਅਤੇ ਜਾਨਲੇਵਾ ਬਿਮਾਰੀ ਹੈ, ਇਸ ਤੋਂ ਬਚਾਓ ਲਈ ਪਸ਼ੂ ਪਾਲਕਾਂ ਨੂੰ ਐਚ.ਐਸ. ਵੈਕਸੀਨੇਸ਼ਨ ਦੇ ਫਾਈਦੇ ਦੱਸਦੇ ਹੋਏ ਜਾਗਰੂਕ ਕੀਤਾ ਜਾਵੇ, ਤਾਂ ਜੋ 100% ਯੋਗ ਪਸ਼ੂਧਨ ਵਿੱਚ ਵੈਕਸੀਨੇਸ਼ਨ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।
4) ਵੈਕਸੀਨ ਸ਼ੁਰੂ ਕਰਨ ਤੋਂ 2 ਦਿਨ ਪਹਿਲਾਂ ਪਿੰਡ ਦੇ ਸਰਪੰਚ/ਨੰਬਰਦਾਰ ਨੂੰ ਇਸਦੀ ਸੂਚਨਾ ਦਿੱਤੀ ਜਾਵੇ, ਤਾਂ ਜੋ ਉਹ ਸਵੇਰੇ, ਸ਼ਾਮ ਪਿੰਡ ਦੇ ਸਪੀਕਰ ਵਿੱਚ ਇਸ ਬਾਰੇ ਸੂਚਨਾ ਲੋਕਾਂ ਨੂੰ ਦੇ ਸਕਣ।
5) ਇੱਕ ਪਿੰਡ/ਸ਼ਹਿਰ ਨੂੰ ਮੁਕੰਮਲ ਕਰਨ ਉਪਰੰਤ ਹੀ ਦੂਜੇ ਪਿੰਡ/ਸ਼ਹਿਰ ਵਿੱਚ ਵੈਕਸੀਨ ਸ਼ੁਰੂ ਕੀਤੀ ਜਾਵੇ।
6) ਗਲਘੋਟੂ ਦੀ ਵੈਕਸੀਨੇਸ਼ਨ ਘਰ-ਘਰ ਜਾਕੇ ਪਹਿਲਾਂ ਬਣਾਈਆਂ ਗਈਆਂ ਟੀਮਾਂ ਦੁਆਰਾ ਕੀਤੀ ਜਾਵੇ।
7) ਐਚ.ਐਸ. ਵੈਕਸੀਨੇਸ਼ਨ ਦਾ ਕੰਮ ਮਿਤੀ 31.5.2020 ਤੱਕ ਹਰ ਹਾਲਤ ਵਿੱਚ ਮੁਕੰਮਲ ਕੀਤਾ ਜਾਵੇ।
8) ਮੁਕੰਮਲ ਵੈਕਸੀਨੇਸ਼ਨ ਦੌਰਾਨ ਕੋਲਡ ਚੇਨ ਨੂੰ ਮੇਨਟੇਨ ਕੀਤਾ ਜਾਵੇ।ਇਸ ਲਈ ਵੈਕਸੀਨ ਸਿਰਫ ਵੈਕਸੀਨ ਕੈਰੀਅਰ ਵਿੱਚ ਹੀ ਲਿਜਾਈ ਜਾਵੇ।
9) ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਵੈਕਸੀਨ ਲਗਾਉਣ ਤੋਂ ਪਹਿਲਾਂ ਹਰ ਪਸ਼ੂ ਦੇ INAPH Supported ਈਅਰ ਟੈਗ ਲਗਾਉਣਾ ਅਤੇ INAPH ਵਿੱਚ ਰਜਿਸਟਰ ਕਰਨਾ ਅਤਿ ਜਰੂਰੀ ਹੈ।ਇਸ ਲਈ ਐਚ.ਐਸ.ਵੈਕਸੀਨੇਸ਼ਨ ਦੌਰਾਨ ਪਸ਼ੂਆਂ ਵਿੱਚ ਉਪਲੱਬਧਤਾ ਅਨੁਸਾਰ 12 ਅੰਕਾਂ ਵਾਲੇ ਪੋਲੀਯੂਰੀਥੀਨ ਈਅਰ ਟੈਗ ਲਗਾਏ ਜਾਣ ।
10) ਐਚ.ਐਸ. ਵੈਕਸੀਨੇਸ਼ਨ ਵੱਡੇ ਅਤੇ ਛੋਟੇ ਪਸ਼ੂ ਵਿੱਚ ਕ੍ਰਮਵਾਰ 5ml ਅਤੇ 2ml subcutaneous ਦੀ ਦਰ ਨਾਲ ਕੀਤੀ ਜਾਵੇ।
11) ਹਰ ਪਸ਼ੂ ਲਈ ਵੱਖਰੀ ਡਿਸਪੋਜ਼ਏਬਲ ਸੂਈ ਵਰਤੀ ਜਾਵੇ, ਹਾਲਾਂਕਿ ਹਰ ਇੱਕ ਸਰਿੰਜ 10 ਪਸ਼ੂਆਂ ਲਈ ਵੱਖਰੀ-ਵੱਖਰੀ ਸੂਈ ਨਾਲ ਵਰਤੀ ਜਾ ਸਕਦੀ ਹੈ।
12) ਵੈਕਸੀਨ ਨੂੰ ਕੰਟੈਮੀਨੇਸ਼ਨ ਤੋਂ ਬਚਾਉਣ ਹਿੱਤ ਵੈਕਸੀਨੇਸ਼ਨ ਬੋਤਲ ਵਿੱਚ ਬਾਰ-ਬਾਰ ਸੂਈ Prick ਕਰਨ ਦੀ ਬਜਾਏ ਪੱਕੇ ਤੌਰ ਤੇ ਇੱਕ ਹੀ ਸੂਈ ਬੋਤਲ ਵਿੱਚ Prick ਕਰਦੇ ਹੋਏ ਵੈਕਸੀਨ ਸਰਿੰਜ ਵਿੱਚ ਭਰੀ ਜਾਵੇ।
13) ਜਿਸ ਵੀ ਬੋਤਲ/ਸ਼ੀਸ਼ੀ ਵਿੱਚੋਂ ਵੈਕਸੀਨ ਕਰਨੀ ਸ਼ੁਰੂ ਕੀਤੀ ਜਾਵੇ ਉਸ ਨੂੰ ਮੁਕੰਮਲ ਤੌਰ ਤੇ ਵਰਤਣ ਤੋਂ ਬਾਅਦ ਹੀ ਦੂਜੀ ਬੋਤਲ/ਸ਼ੀਸ਼ੀ ਸ਼ੁਰੂ ਕੀਤੀ ਜਾਵੇ।
14) ਵਰਤੀ ਗਈ ਖਾਲੀ ਵੈਕਸੀਨ ਬੋਤਲ, ਡਿਸਪੋਜ਼ੇਬਲ ਸਰਿੰਜ ਅਤੇ ਨੀਡਲ ਨੂੰ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੀਆਂ ਹਦਾਇਤਾਂ ਅਨੁਸਾਰ ਬਾਇਓਸਕਿਊਰਟੀ ਨਿਯਮਾਂ ਦਾ ਸਖਤੀ ਨਾਲ ਪਾਲਣ ਕਰਦੇ ਹੋਏ ਡਿਸਪੋਜ਼ ਆਫ ਕੀਤਾ ਜਾਵੇ।

Scanned with CamScanner

15) ਐਚ.ਐਸ. ਵੈਕਸੀਨ ਨੂੰ ਸਰਿੰਜ ਵਿੱਚ ਭਰਨ ਤੋਂ ਪਹਿਲਾਂ ਬੋਤਲ ਨੂੰ ਹਰ ਵਾਰ ਚੰਗੀ ਤਰ੍ਹਾਂ ਹਿਲਾ ਲਿਆ ਜਾਵੇ ਕਿਉਂਕਿ ਇਹ ਪਰਿਸੀਪਟੇਟ ਦਵਾਈ ਹੈ।

16) ਪਸ਼ੂ ਨੂੰ ਸੱਟ ਤੋਂ ਬਚਾਉਣ ਲਈ ਟੀਕਾ ਲਗਾਉਣ ਤੋਂ ਪਹਿਲਾਂ ਪੂਰੀ ਤਰ੍ਹਾਂ ਕਾਬੂ ਕੀਤਾ ਜਾਵੇ।

17) ਵੈਕਸੀਨ ਦਾ ਮੁਕੰਮਲ ਰਿਕਾਰਡ ਸੰਸਥਾ ਦੇ ਸਟਾਕ ਰਜਿਸਟਰ ਵਿੱਚ ਦਰਜ ਕੀਤਾ ਜਾਵੇ ਜਿਸ ਵਿੱਚ ਵੈਕਸੀਨ ਦਾ ਬੈਚ ਨੰ:, ਮੈਨੁਫੈਕਚਰਿੰਗ ਅਤੇ ਐਕਸਪਾਇਰੀ ਮਿਤੀ, ਵੈਕਸੀਨ ਦੀ ਪ੍ਰਾਪਤੀ, ਪ੍ਰਾਪਤ ਕੀਤੀਆਂ ਖੁਰਾਕਾਂ, ਪਸ਼ੂ ਪਾਲਕ ਦਾ ਨਾਮ ਅਤੇ ਪਤਾ, ਟੈਲੀਫੋਨ ਨੰ:, ਪਸ਼ੂ ਦੀ ਕਿਸਮ ਆਦਿ ਦਾ ਪੂਰਾ ਵੇਰਵਾ ਦਿੱਤਾ ਜਾਵੇ। ਇਸ ਤੋਂ ਇਲਾਵਾ ਵੈਕਸੀਨੇਸ਼ਨ ਸਬੰਧੀ ਐਂਟਰੀ ਆਪ ਦੇ ਜਿਲ੍ਹੇ ਨੂੰ ਜਾਰੀ ਕੀਤੇ ਗਏ ਐਨੀਮਲ ਹੈਲਥ ਕਾਰਡ ਵਿੱਚ ਦਰਜ ਕਰ ਕੇ ਪਸ਼ੂ ਪਾਲਕਾਂ ਨੂੰ ਦਿੱਤੇ ਜਾਣ ਅਤੇ ਭਵਿੱਖ ਵਿੱਚ ਕੀਤੀ ਜਾਣ ਵਾਲੀ ਮੂੰਹ-ਖੁਰ/ਬਰੂਸੀਲੋਸਿਸ ਵੈਕਸੀਨੇਸ਼ਨ ਦੀ ਐਂਟਰੀ ਵੀ ਐਨੀਮਲ ਹੈਲਥ ਕਾਰਡ ਵਿੱਚ ਦਰਜ ਕੀਤੀ ਜਾਵੇ।

18) ਕਿਉਂਕਿ ਗਰਮੀ ਦਾ ਮੌਸਮ ਸ਼ੁਰੂ ਹੋ ਗਿਆ ਹੈ, ਇਸ ਲਈ ਪਸ਼ੂਆਂ ਨੂੰ ਸਟ੍ਰੈਸ ਤੋਂ ਬਚਾਉਣ ਲਈ ਵੈਕਸੀਨੇਸ਼ਨ ਦਾ ਕੰਮ ਹਰ ਰੋਜ਼ ਸਵੇਰੇ ਜਲਦੀ ਸ਼ੁਰੂ ਕੀਤਾ ਜਾਵੇ।

19) ਬਿਮਾਰ ਅਤੇ ਬਹੁਤ ਕਮਜ਼ੋਰ ਪਸ਼ੂਆਂ ਵਿੱਚ ਵੈਕਸੀਨੇਸ਼ਨ ਨਾ ਕੀਤੀ ਜਾਵੇ ਅਤੇ ਉਹਨਾਂ ਦੇ ਤੰਦਰੁਸਤ ਹੋਣ ਉਪਰੰਤ ਹੀ ਵੈਕਸੀਨੇਸ਼ਨ ਕੀਤੀ ਜਾਵੇ।

20) ਐਚ.ਐਸ. ਵੈਕਸੀਨੇਸ਼ਨ ਦੌਰਾਨ ਪਸ਼ੂਆਂ ਵਿੱਚ ਕਿਸੇ ਵੀ ਸੰਭਾਵਿਤ Anaphylactic Shock ਨੂੰ ਮੁੱਖ ਰੱਖਦੇ ਹੋਏ ਲਾਈਫਸੇਵਿੰਗ ਦਵਾਈਆਂ ਦੀ ਇੱਕ ਐਮਰਜੈਂਸੀ ਕਿੱਟ ਤਿਆਰ ਰੱਖੀ ਜਾਵੇ, ਤਾਂ ਜੋ ਕਿਸੇ ਪਸ਼ੂ ਨੂੰ ਕੋਈ Anaphylactic Shock ਵਗੈਰਾ ਤੋਂ ਬਚਾਇਆ ਜਾ ਸਕੇ।

21) ਵੈਕਸੀਨ ਕਰਨ ਉਪਰੰਤ ਘਰ ਦੇ ਬਾਹਰ ਇੱਕ ਮਾਰਕ ਲਗਾ ਦਿੱਤਾ ਜਾਵੇ, ਤਾਂ ਜੋ ਪਤਾ ਲੱਗ ਸਕੇ ਕਿ ਇਸ ਘਰ ਵਿੱਚ ਵੈਕਸੀਨ ਹੋ ਚੁੱਕੀ ਹੈ।

22) ਪਿੰਡ ਵਿੱਚ ਵੈਕਸੀਨ ਮੁਕੰਮਲ ਕਰਨ ਉਪਰੰਤ ਦੁਬਾਰਾ ਪਿੰਡ ਵਿੱਚ ਅਨਾਊਂਸਮੈਂਟ ਕਰਵਾਈ ਜਾਵੇ ਕਿ ਜੇਕਰ ਕਿਸੇ ਦੇ ਪਸ਼ੂਆਂ ਨੂੰ ਵੈਕਸੀਨ ਕਰਨੀ ਰਹਿ ਗਈ ਹੈ ਤਾਂ ਉਹ ਆਪਣੇ ਪਸ਼ੂਆਂ ਦੀ ਵੈਕਸੀਨ ਕਰਵਾਉਣ।

23) ਪਿੰਡ ਦੇ ਸਰਪੰਚ/ਨੰਬਰਦਾਰ ਤੋਂ ਵੈਕਸੀਨ ਕਰਨ ਦਾ ਸਰਟੀਫਿਕੇਟ ਹਾਸਲ ਕੀਤਾ ਜਾਵੇ।

24) ਹਰ ਤਹਿਸੀਲ ਦਾ ਐਸ.ਵੀ.ਓ. ਆਪਣੀ-ਆਪਣੀ ਤਹਿਸੀਲ ਅਧੀਨ ਵੈਕਸੀਨੇਸ਼ਨ ਦੇ ਕੰਮ ਨੂੰ ਸਮੇਂ-ਸਮੇਂ ਸਿਰ ਚੈੱਕ ਕਰੇਗਾ।

25) ਹਰ ਡਿਪਟੀ ਡਾਇਰੈਕਟਰ ਵੈਕਸੀਨੇਸ਼ਨ ਦੇ ਕੰਮ ਨੂੰ ਅਚਨਚੇਤ ਚੈਕਿੰਗ ਹਰ ਹਫਤੇ ਵਿੱਚ 2 ਵਾਰ ਕਰੇਗਾ।

26) ਪਸ਼ੂਆਂ ਵਿੱਚ ਐਚ. ਐਸ. ਵੈਕਸੀਨੇਸ਼ਨ ਕਰਨ ਉਪਰੰਤ ਕਿਸੇ ਵੀ ਹੋਰ ਵੈਕਸੀਨੇਸ਼ਨ ਕਰਨ ਲਈ ਘੱਟੋ-ਘੱਟ 15 ਦਿਨਾਂ ਦਾ ਵਕਫ਼ਾ ਪਾਇਆ ਜਾਵੇ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਪਿੱਠਅੰਕਣ ਨੰ:4/3/19-ਡੀ.1/547 ਐਸ.ਏ.ਐਸ. ਨਗਰ, ਮਿਤੀ:1.5.2020

ਇਸ ਦਾ ਇੱਕ ਉਤਾਰਾ ਨਿ.ਸ/ ਪ੍ਰ.ਸ.ਪ.ਪ ਨੂੰ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਜੀ ਦੀ ਸੂਚਨਾ ਹਿੱਤ ਘੱਲਿਆ ਜਾਂਦਾ ਹੈ ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਪਿੱਠਅੰਕਣ ਨੰ:4/3/19-ਡੀ.1/548 ਐਸ.ਏ.ਐਸ. ਨਗਰ, ਮਿਤੀ:1.5.2020

ਇਸ ਦਾ ਇੱਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸੰਯੁਕਤ ਨਿਰਦੇਸ਼ਕ, ਆਰ.ਡੀ.ਡੀ.ਐਲ. ਜਲੰਧਰ
2) ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਪੰਜਾਬ ਵੈਟਨਰੀ ਵੈਕਸੀਨ ਇੰਸਟੀਚਿਊਟ, ਲੁਧਿਆਣਾ

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

Scanned with CamScanner